ਪੰਜਾਬੀ ਯੂਨੀਵਰਸਿਟੀ,ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

ਨੰ: 2129 ਸ.1/ਕਾਲਜ
ਮਿਤੀ: 30.7.2025

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ/ਕਾਂਸਟੀਚੂਐਂਟ ਕਾਲਜਾਂ ਦੇ
ਪ੍ਰਿੰਸੀਪਲ/ਡਾਇਰੈਕਟਰ ਸਾਹਿਬਾਨ ਨੂੰ
(ਬੀ.ਐਡ./ਲਾਅ ਅਤੇ ਹੋਰ ਅਜਿਹੇ ਕੋਰਸਾਂ ਨੂੰ ਛੱਡ ਕੇ ਜਿੰਨ੍ਹਾਂ ਦੇ ਦਾਖਲੇ ਜੁਆਇੰਟ ਐਂਟਰੈਂਸ ਟੈਸਟ ਰਾਹੀਂ ਪੰਜਾਬ ਸਰਕਾਰ/ਸੈਂਟਰਲ ਏਜੰਸੀਆਂ ਵੱਲੋਂ ਕਰਵਾਏ ਜਾਂਦੇ ਹਨ)।

ਵਿਸ਼ਾ : ਸੈਸ਼ਨ 2025-26 ਦੌਰਾਨ ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ/ਕਾਂਸਟੀਚੂਐਂਟ ਕਾਲਜਾਂ ਵਿਖੇ ਅੰਡਰ-ਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਕੋਰਸਾਂ ਦੇ ਐਂਟਰੀ ਪੁਆਇੰਟ (ਭਾਗ ਪਹਿਲਾ) ਦੀ ਬਿਨ੍ਹਾਂ ਲੇਟ ਦਾਖਲਾ ਫੀਸ ਮਿਤੀ ਵਿੱਚ ਵਾਧੇ ਅਤੇ ਉਸ ਉਪਰੰਤ ਲੇਟ ਦਾਖਲਾ ਫੀਸ ਦਾ ਸ਼ਡਿਊਲ।

ਸ਼੍ਰੀਮਾਨ/ਸ਼੍ਰੀਮਤੀ ਜੀ,

ਮਾਨਯੋਗ ਵਾਈਸ-ਚਾਂਸਲਰ ਸਾਹਿਬ ਵੱਲੋਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਹੋਏ ਆਦੇਸ਼ਾਂ ਅਨੁਸਾਰ ਸੈਸ਼ਨ 2025-25 ਦੌਰਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸਬੰਧਤ ਸਮੂਹ ਕਾਲਜਾਂ/ਕਾਂਸਟੀਚੂਐਂਟ ਕਾਲਜਾਂ ਨੂੰ ਪਹਿਲਾਂ ਜਾਰੀ ਸਰਕੂਲਰ ਨੰ: 909ਸ.1/ਕਾਲਜ ਮਿਤੀ 14.4.2025 ਦੀ ਲਗਾਤਾਰਤਾ ਵਿੱਚ ਮੁੜ ਸਰਕੂਲਰ ਜਾਰੀ ਕਰਦੇ ਹੋਏ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2025-26 ਦੌਰਾਨ ਸਬੰਧਤ ਕਾਲਜਾਂ ਵਿਖੇ ਅੰਡਰ-ਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਕੋਰਸਾਂ ਦੇ ਐਂਟਰੀ ਪੁਆਇੰਟ (ਭਾਗ ਪਹਿਲਾ) ਦੀ ਬਿਨ੍ਹਾਂ ਲੇਟ ਦਾਖਲਾ ਫੀਸ ਮਿਤੀ ਵਿੱਚ ਵਾਧੇ ਅਤੇ ਉਸ ਉਪਰੰਤ ਲੇਟ ਦਾਖਲਾ ਫੀਸ ਦਾ ਸ਼ਡਿਊਲ ਨਿਮਨਲਿਖਤ ਅਨੁਸਾਰ ਨਿਰਧਾਰਤ ਕੀਤਾ ਜਾਂਦਾ ਹੈ :

**1. ਅੰਡਰ-ਗ੍ਰੈਜੂਏਟ ਕੋਰਸਾਂ (U.G.) ਦੇ ਐਂਟਰੀ ਪੁਆਇੰਟ ਭਾਗ ਪਹਿਲਾਂ ਦੀਆਂ ਦਾਖਲਾ ਮਿਤੀਆਂ**

| | | |
|---|---|---|
| i) | ਬਿਨ੍ਹਾਂ ਲੇਟ ਦਾਖਲਾ ਫੀਸ | 18.8.2025 ਤੱਕ |
| ii) | 19.08.2025 ਤੋਂ 25.08.2025 ਤੱਕ | 500/- ਰੁ: ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ |
| iii) | 26.08.2025 ਤੋਂ 02.09.2025 ਤੱਕ | 1000/- ਰੁ: ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ |
| iv) | 03.09.2025 ਤੋਂ 08.09.2025 ਤੱਕ | 1500/-ਰੁ: ਲੇਟ ਫੀਸ ਅਤੇ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ |
| v) | 09.09.2025 ਤੋਂ 15.09.2025 ਤੱਕ | 2000/-ਰੁਪਏ ਲੇਟ ਫੀਸ ਅਤੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਵਿੱਚ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ |

**2. ਪੋਸਟ-ਗ੍ਰੈਜੂਏਟ ਕੋਰਸਾਂ (P.G.) ਦੇ ਐਂਟਰੀ ਪੁਆਇੰਟ ਭਾਗ ਪਹਿਲਾਂ ਦੀਆਂ ਦਾਖਲਾ ਮਿਤੀਆਂ**

| | | |
|---|---|---|
| i) | ਬਿਨ੍ਹਾਂ ਲੇਟ ਦਾਖਲਾ ਫੀਸ | 25.8.2025 ਤੱਕ |
| ii) | 26.8.2025 ਤੋਂ 02.9.2025 | 500/- ਰੁ: ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ |
| iii) | 03.9.2025 ਤੋਂ 08.9.2025 | 1000/- ਰੁ: ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ |
| iv) | 09.9.2025 ਤੋਂ 15.9.2025 | 1500/-ਰੁ: ਲੇਟ ਫੀਸ ਅਤੇ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ |
| v) | 16.9.2025 ਤੋਂ 22.9.2025 | 2000/-ਰੁਪਏ ਲੇਟ ਫੀਸ ਅਤੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ |

ਇੱਥੇ ਇਹ ਸਪੱਸ਼ਟ ਹੈ ਕਿ ਉਪਰੋਕਤ ਅਨੁਸਾਰ ਲੇਟ ਦਾਖਲ ਕੀਤੇ ਗਏ ਵਿਦਿਆਰਥੀਆਂ ਦੇ ਲੈਕਚਰ/ਹਾਜ਼ਰੀਆਂ ਪੂਰੀਆਂ ਕਰਵਾਉਣ ਦੀ ਜ਼ਿੰਮੇਵਾਰੀ ਸਬੰਧਤ ਕਾਲਜ ਦੀ ਹੋਵੇਗੀ।

ਲੇਟ ਦਾਖਲਾ ਫੀਸਾਂ ਦੀ Submission ਸਬੰਧੀ ਹਦਾਇਤਾਂ ਸਮੂਹ ਸਬੰਧਤ ਕਾਲਜਾਂ ਨੂੰ ਪਹਿਲਾਂ ਜਾਰੀ ਸਰਕੂਲਰ ਨੰ: 910ਸ.1/ਕਾਲਜ ਮਿਤੀ 14.4.2025 ਦੇ ਨੁਕਤਾ ਨੰ: 20 ਅਨੁਸਾਰ ਹੀ ਰਹਿਣਗੀਆਂ ਜੀ।

ਉਪਰੋਕਤ ਤੋਂ ਇਲਾਵਾ ਬਾਕੀ ਸ਼ਡਿਊਲ ਸਮੂਹ ਕਾਲਜਾਂ ਨੂੰ ਪਹਿਲਾਂ ਜਾਰੀ ਕੀਤੇ ਪੱਤਰ ਨੰ: 909ਸ.1/ਕਾਲਜ ਮਿਤੀ 14.4.2025 ਅਨੁਸਾਰ ਹੀ ਰਹੇਗਾ ਜੀ।

30/07/2025

ਡੀਨ, ਕਾਲਜ ਵਿਕਾਸ ਕੌਂਸਲ